# ਪਾਠ ਕ੍ਰਮ ਵੰਡ

## ਜਮਾਤ 10+2

## ਪੰਜਾਬੀ ਲਾਜ਼ਮੀ (2016-2017)

### ਅਪ੍ਰੈਲ: (ਕੁੱਲ ਪੀਰੀਅਡ-23)

1. ਪੰਜਾਬੀ ਸੱਭਿਆਚਾਰ: ਡਾ. ਬਰਿੰਦਰ ਕੌਰ ( 4 ਪੀਰੀਅਡ)
2. ਪੰਜਾਬ ਦੇ ਮੇਲੇ ਤੇ ਤਿਉਹਾਰ: ਡਾ. ਸ. ਸ. ਵਣਜਾਰਾਬੇਦੀ (5 ਪੀਰੀਅਡ)
3. ਕਾਰ-ਵਿਹਾਰ ਦੇ ਪੱਤਰ: ਮੁੱਢਲੀ ਜਾਣਕਾਰੀ (2 ਪੀਰੀਅਡ)
4. ਸੰਖੇਪ ਰਚਨਾ: ਮੁੱਢਲੀ ਜਾਣਕਾਰੀ (2 ਪੀਰੀਅਡ)
5. ਸ਼ਬਦਕੋਸ਼ ਵਾਚਨ ਵਿਧੀ: ਸ਼ਬਦਕੋਸ਼ ਬਾਰੇ ਜਾਣਕਾਰੀ ਅਤੇ ਗੁਰਮੁਖੀ ਵਰਨਮਾਲਾ (3 ਪੀਰੀਅਡ)
6. ਅਖਾਉਤਾਂ-1 ਤੋਂ 10 (2 ਪੀਰੀਅਡ)
7. ਟੁਕੜੀ ਜੱਗ ਤੋਂ ਨਿਆਰੀ: ਭਾਈ ਵੀਰ ਸਿੰਘ (2 ਪੀਰੀਅਡ)
8. ਸਾਂਝ: ਸੁਜਾਨ ਸਿੰਘ (2 ਪੀਰੀਅਡ)
9. ਸੱਭਿਆਚਾਰ ਨਾਲ਼ ਸੰਬੰਧਿਤ ਪੁਸਤਕਾਂ, ਰਸਾਲਿਆਂ ਤੇ ਅਖ਼ਬਾਰਾਂ ਵਿਚ ਛਪਦੇ ਲੇਖਾਂ ਬਾਰੇ ਜਾਣਕਾਰੀ (1 ਪੀਰੀਅਡ)

### ਮਈ: (ਕੁੱਲ ਪੀਰੀਅਡ-27)

1. ਪੰਜਾਬ ਦੇ ਰਸਮ ਰਿਵਾਜ- ਗੁਲਜਾਰ ਸੰਧ (5 ਪੀਰੀਅਡ)
2. ਤੁਸੀਂ ਪੜ੍ਹੇ-ਲਿਖੇ ਨੌਜੁਆਨ ਹੋ।ਆਪਣੀ ਯੋਗਤਾ ਤੇ ਸਮਰੱਥਾ ਦੱਸਦੇ ਹੋਏ ਕਿਸੇ ਨਜ਼ਦੀਕੀ ਬੈਂਕ ਤੋਂ ਸ੍ਵੈ-ਰੁਜ਼ਗਾਰ ਚਲਾਉਣ ਲਈ ਕਰਜ਼ਾ ਲੈਣ ਵਾਸਤੇ ਸ਼ਾਖਾ ਪ੍ਰਬੰਧਕ ਨੂੰ ਪੱਤਰ ਲਿਖੋ। ( 2 ਪੀਰੀਅਡ)
3. ਤੁਸੀਂ ਇਕ ਪੜ੍ਹੇ ਲਿਖੇ ਕਿਸਾਨ ਹੋ। ਆਪਣੇ ਜ਼ਿਲ੍ਹੇ ਦੇ ਕ੍ਰਿਸ਼ੀ ਵਿਗਿਆਨ ਕੇਂਦਰ ਨੂੰ ਖੇਤੀ ਬਾੜੀ ਸਹਾਇਕ ਧੰਦਿਆਂ ਬਾਰੇ ਸਿਖਲਾਈ ਕੋਰਸ ਕਰਨ ਲਈ ਪੱਤਰ ਲਿਖੋ। ( 2 ਪੀਰੀਅਡ)
4. ਸੰਖੇਪ ਰਚਨਾ: ਪੈਰਾ 1-2, ਅਭਿਆਸ ਲਈ ਪੈਰਾ 1-2 ( 4 ਪੀਰੀਅਡ)
5. ਸ਼ਬਦ-ਕੋਸ਼ ਵਾਚਨ ਵਿਧੀ ਸ਼ਬਦ-ਕੋਸ਼ ਤਰਤੀਬ:1-2, ਅਭਿਆਸ ਲਈ ਸ਼ਬਦ ਕੋਸ਼ ਤਰਤੀਬ 1-2 ( 4 ਪੀਰੀਅਡ)
6. ਵਾਕ ਕੀ ਹੈ ਅਤੇ ਵਾਕ ਦੀਆਂ ਕਿਸਮਾਂ ਬਣਤਰ ਅਨੁਸਾਰ (3 ਪੀਰੀਅਡ)
7. ਅਖਾਉਤਾਂ- 11 ਤੋਂ 15 ( 1 ਪੀਰੀਅਡ)
8. ਪੁਰਾਣੇ ਪੰਜਾਬ ਨੂੰ ਆਵਾਜ਼ਾਂ: ਪ੍ਰੋ ਪੂਰਨ ਸਿੰਘ ( 3 ਪੀਰੀਅਡ)
9. ਨੀਲੀ: ਕਰਤਾਰ ਸਿੰਘ ਦੁੱਗਲ ( 2 ਪੀਰੀਅਡ)
10. ਵਿਦਿਆਰਥੀਆਂ ਨੂੰ ਲਾਇਬਰੇਰੀ ਵਿਚ ਲਿਜਾ ਕੇ ਸ਼ਬਦਕੋਸ਼ ਤੋਂ ਜਾਣੂ ਕਰਵਾਉਣਾ (1 ਪੀਰੀਅਡ)

### ਜੂਨ (ਛੁੱਟੀਆਂ)

ਵਿਦਿਆਰਥੀਆਂ ਨੂੰ ਅਖ਼ਬਾਰਾਂ ਅਤੇ ਰਸਾਲਿਆਂ ਵਿਚੋਂ ਪੰਜਾਬੀ ਸੱਭਿਆਚਾਰ ਅਤੇ ਲੋਕਧਾਰਾ ਨਾਲ਼ ਸੰਬੰਧਿਤ ਆਰਟੀਕਲ ਇਕੱਠੇ ਕਰਨ ਲਈ ਕਿਹਾ ਜਾ ਸਕਦਾ ਹੈ।ਜਾਂ ਲਾਜ਼ਮੀ ਪੰਜਾਬੀ ਪੁਸਤਕ ਦੇ ਲੇਖਕਾਂ, ਕਹਾਣੀਕਾਰਾਂ ਅਤੇ ਕਵੀਆਂ ਸੰਬੰਧੀ ਜਾਣਕਾਰੀ ਇਕੱਤਰ ਕਰਵਾਈ ਜਾ ਸਕਦੀ ਹੈ ਅਤੇ ਵਿਦਿਆਰਥੀਆਂ ਨੂੰ ਇਕੱਤਰ ਜਾਣਕਾਰੀ ਨੂੰ ਪੜ੍ਹ ਕੇ ਉਸ ਬਾਰੇ ਕੁਝ ਲਿਖ ਕੇ ਲਿਆਉਣ ਲਈ ਕਿਹਾ ਜਾ ਸਕਦਾ ਹੈ।

### ਜੁਲਾਈ: (ਕੁੱਲ ਪੀਰੀਅਡ-27)

1. ਪੰਜਾਬ ਦੀਆਂ ਲੋਕ ਖੇਡਾਂ: ਸ੍ਰੀ ਸੁਖਦੇਵ ਮਾਦਪੁਰੀ (5 ਪੀਰੀਅਡ)
2. ਤੁਹਾਡੇ ਪਿੰਡ ਵਿਚ ਕਲੱਬ ਵੱਲੋਂ ਪੰਚਾਇਤ ਦੇ ਸਹਿਯੋਗ ਨਾਲ਼ ਲਾਇਬਰੇਰੀ ਖੋਲ੍ਹੀ ਜਾ ਰਹੀ ਹੈ।ਲਾਇਬਰੇਰੀਅਨ ਵੱਲੋਂ ਪੁਸਤਕਾਂ ਮੰਗਵਾਉਣ ਲਈ ਭਿੰਨ-ਭਿੰਨ ਪੁਸਤਕ ਵਿਕਰੇਤਾਵਾਂ ਨੂੰ ਪੁਸਤਕਾਂ ਮੰਗਵਾਉਣ ਸੰਬੰਧੀ ਕੁਟੇਸ਼ਨਾ ਦੀ ਮੰਗ ਲਈ ਪੱਤਰ ਲਿਖੋ। (2 ਪੀਰੀਅਡ)
3. ਪੰਜਾਬ ਖੇਤੀਬਾੜੀ ਯੁਨੀਵਰਸਿਟੀ ਲੁਧਿਆਣਾ ਦੇ ਸੂਚਨਾ ਅਧਿਕਾਰੀ ਨੂੰ ਪੱਤਰ ਲਿਖੋ ਜਿਸ ਵਿਚ ਸਾਉਣੀ ਦੀਆਂ ਫਸਲਾਂ ਦੇ ਬੀਜਾਂ ਦੀ ਉਪਲੱਬਧਤਾ, ਸਿਖਲਾਈ ਪ੍ਰੋਗਰਾਮਾਂ, ਖੇਤੀ-ਬਾੜੀ ਸਾਹਿਤ, ਸਾਉਣੀ ਦੀਆਂ ਫਸਲਾਂ ਦੇ ਸੰਭਾਵਿਤ ਰੋਗਾਂ ਤੇ ਰੋਕਥਾਮ ਆਦਿ ਬਾਰੇ ਜਾਣਕਾਰੀ ਦੀ ਮੰਗ ਬਾਰੇ ਪੱਤਰ ਲਿਖੋ। (2 ਪੀਰੀਅਡ)
4. ਤੁਸੀਂ ਹੁਣੇ-ਹੁਣੇ ਬਿਊਟੀ ਪਾਰਲਰ ਦਾ ਕੰਮ ਸਿੱਖਿਆ ਹੈ, ਆਪਣਾ ਕਾਰੋਬਾਰ ਚਲਾਉਣ ਲਈ ਇਲਾਕਾ ਨਿਵਾਸੀਆਂ ਨੂੰ ਸੇਵਾਵਾਂ ਦਾ ਲਾਭ ਉਠਾਉਣ ਲਈ ਖੁੱਲ੍ਹੀ ਚਿੱਠੀ ਰਾਹੀਂ ਅਪੀਲ ਕਰੋ। (2 ਪੀਰੀਅਡ)
5. ਸੰਖੇਪ ਰਚਨਾ: ਪੈਰਾ 3-4, ਅਭਿਆਸ ਲਈ ਪੈਰਾ 3-4 (3 ਪੀਰੀਅਡ)
6. ਸ਼ਬਦਕੋਸ਼ ਵਾਚਨ ਵਿਧੀ ਸ਼ਬਦ ਕੋਸ਼ ਤਰਤੀਬ:3-4, ਅਭਿਆਸ ਲਈ ਸ਼ਬਦ ਕੋਸ਼ ਤਰਤੀਬ 3-4 (3 ਪੀਰੀਅਡ)
7. ਵਾਕ ਦੀਆਂ ਕਿਸਮਾਂ ਕਾਰਜ ਦੇ ਆਧਾਰ 'ਤੇ (2 ਪੀਰੀਅਡ)
8. ਅਖਾਉਤਾਂ- 16 ਤੋਂ 25 (1 ਪੀਰੀਅਡ)
9. ਵਗਦੇ ਪਾਣੀ: ਡਾ. ਦੀਵਾਨ ਸਿੰਘ ਕਾਲੇਪਾਣੀ (1 ਪੀਰੀਅਡ)
10. ਤਾਜ ਮਹਲ: ਪ੍ਰੋ. ਮੋਹਨ ਸਿੰਘ (2 ਪੀਰੀਅਡ)
11. ਆਪਣਾ ਦੇਸ: ਸੰਤੋਖ ਸਿੰਘ ਧੀਰ (2 ਪੀਰੀਅਡ)
12. ਜਮਾਤ ਦੇ ਵਿਦਿਆਰਥੀਆਂ ਨੂੰ ਕੁਝ ਲੋਕ ਖੇਡਾਂ ਖਿਡਾਉਣੀਆਂ (2 ਪੀਰੀਅਡ)

**ਅਗਸਤ: (ਕੁੱਲ ਪੀਰੀਅਡ-27)**

1. ਪੰਜਾਬ ਦੇ ਲੋਕ ਕਿੱਤੇ ਅਤੇ ਲੋਕ ਕਲਾਵਾਂ: ਸ੍ਰੀ ਕ੍ਰਿਪਾਲ ਕਜ਼ਾਕ (5 ਪੀਰੀਅਡ)
2. ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਆਯੋਜਿਤ ਹੋਣ ਵਾਲ਼ੇ ਕਿਸੇ ਕਿਸਾਨ ਮੇਲ਼ੇ ਵਿਚ ਆਪਣੀ ਸਟਾਲ ਲਗਾਉਣ ਲਈ ਮੇਲ਼ਾ ਪ੍ਰਬੰਧਕਾਂ ਨੂੰ ਪੱਤਰ ਲਿਖੋ। (2 ਪੀਰੀਅਡ)
3. ਤੁਹਾਡਾ ਕਾਰੋਬਾਰ ਸ਼ੇਅਰ ਬਜ਼ਾਰ ਨਾਲ਼ ਜੁੜਿਆ ਹੋਇਆ ਹੈ ਅਤੇ ਕਾਰੋਬਾਰ ਲਈ ਤੁਹਾਨੂੰ ਰੋਜ਼ਾਨਾ ਮੁਬਾਇਲ ਦੀ ਵਰਤੋਂ ਕਰਨੀ ਪੈ ਰਹੀ ਹੈ, ਪਰ ਤੁਸੀਂ ਭਾਰਤ ਸੰਚਾਰ ਨਿਗਮ ਲਿਮਟਿਡ ਦੀ ਨੈੱਟ ਵਰਕ ਸੇਵਾ ਕਰਕੇ ਦਿੱਕਤ ਮਹਿਸੂਸ ਕਰਕੇ ਹਾਲਾਤ ਤੋਂ ਜਾਣੂ ਕਰਵਾਂਦੇ ਹੋਏ ਆਪਣੇ ਇਲਾਕੇ ਦੇ ਸੰਬੰਧਿਤ ਅਧਿਕਾਰੀ ਨੂੰ ਇਸ ਪਾਸੇ ਸੁਧਾਰ ਕਰਨ ਲਈ ਪੱਤਰ ਲਿਖੋ। (2 ਪੀਰੀਅਡ)
4. ਸੰਖੇਪ ਰਚਨਾ: ਪੈਰਾ 5-6 ,ਅਭਿਆਸ ਲਈ ਪੈਰਾ 5-6 (4 ਪੀਰੀਅਡ)
5. ਸ਼ਬਦਕੋਸ਼ ਵਾਚਨ ਵਿਧੀ ਸ਼ਬਦ ਕੋਸ਼ ਤਰਤੀਬ:5-6,ਅਭਿਆਸ ਲਈ ਸ਼ਬਦ ਕੋਸ਼ ਤਰਤੀਬ 5-6 (4 ਪੀਰੀਅਡ)
6. ਵਾਕ ਵਟਾਂਦਰਾ ਉਦਾਹਰਨ 1 ਤੋਂ 5 (3 ਪੀਰੀਅਡ)
7. ਅਖਾਉਤਾਂ- 26 ਤੋਂ 30 (1 ਪੀਰੀਅਡ)
8. ਚੁੰਮ-ਚੁੰਮ ਰੱਖੋ: ਨੰਦ ਲਾਲ ਨੂਰਪੁਰੀ (2 ਪੀਰੀਅਡ)
9. ਮਾੜਾ ਬੰਦਾ: ਪ੍ਰੇਮ ਪ੍ਰਕਾਸ਼ (2 ਪੀਰੀਅਡ)
10. ਵਿਦਿਆਰਥੀਆਂ ਨੂੰ ਲੋਕ ਕਲਾਵਾਂ ਦੇ ਕੁਝ ਔਜਾਰ ਜਾਂ ਔਜਾਰਾਂ ਦੇ ਮਾਡਲ ਦਿਖਾਉਣਾ (1 ਪੀਰੀਅਡ)

**ਸਤੰਬਰ: (ਕੁੱਲ ਪੀਰੀਅਡ-11)**

1. ਤੁਹਾਡੇ ਕਸਬੇ ਵਿਚ ਦੋ ਪਹੀਆ ਵਾਹਨਾ ਦੀ ਮੰਗ ਦਿਨੋ-ਦਿਨ ਵੱਧ ਰਹੀ ਹੈ ਜਿਸ ਦੇ ਚਲਦਿਆਂ ਹੀਰੋ ਮੋਟਰ ਦਿੱਲੀ ਤੋਂ ਏਜੰਸੀ ਲੈਣ ਲਈ ਆਪਣੀ ਯੋਗਤਾ ਤੇ ਸਮਰੱਥਾ ਦੱਸਦੇ ਹੋਏ ਪੱਤਰ ਲਿਖੋ। (1 ਪੀਰੀਅਡ)
2. ਤੁਹਾਡੇ ਸਕੂਲ ਵਿਚ ਸਰਕਾਰ ਵੱਲੋਂ ਵਿਦਿਆਰਥੀਆਂ ਦੀ ਯੂਨੀਫਾਰਮ ਖ਼੍ਰੀਦਣ ਲਈ ਗ੍ਰਾਂਟ ਆਈ ਹੈ । ਵੇਰਵੇ ਦੱਸਦੇ ਹੋਏ ਕਿਸੇ ਫਰਮ ਤੋਂ ਕੁਟੇਸ਼ਨਾ ਦੀ ਮੰਗ ਲਈ ਪੱਤਰ ਲਿਖੋ। (2 ਪੀਰੀਅਡ)
3. ਤੁਸੀਂ ਆਪਣੇ ਕੈਫ਼ੇ ਲਈ ਕਿਸੇ ਕੰਪਨੀ ਦਾ ਕੰਪਿਊਟਰ ਸੰਗਮ ਕੰਪਿਊਟਰਜ਼ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਤੋਂ ਖ਼੍ਰੀਦਿਆ ਸੀ ਕੰਪਿਊਟਰ ਵਿਚ ਆਈਆਂ ਖ਼ਰਾਬੀਆਂ ਬਾਰੇ ਉਕਤ ਫ਼ਰਮ ਨੂੰ ਪੱਤਰ ਲਿਖੋ। (2 ਪੀਰੀਅਡ)
4. ਸੰਖੇਪ ਰਚਨਾ: ਪੈਰਾ 7-8,ਅਭਿਆਸ ਪੈਰਾ 7-8 (2 ਪੀਰੀਅਡ)
5. ਸ਼ਬਦਕੋਸ਼ ਵਾਚਨ ਵਿਧੀ ਸ਼ਬਦ ਕੋਸ਼ ਤਰਤੀਬ:7-8, ਅਭਿਆਸ ਲਈ ਸ਼ਬਦ ਕੋਸ਼ ਤਰਤੀਬ 7-8 (2 ਪੀਰੀਅਡ)
6. ਵਾਕ ਵਟਾਂਦਰਾ ਉਦਾਹਰਨ 6 ਤੋਂ 10 (1 ਪੀਰੀਅਡ)
7. ਅਖਾਉਤਾਂ- 31 ਤੋਂ 35 (1 ਪੀਰੀਅਡ)

**ਅਕਤੂਬਰ: (ਕੁੱਲ ਪੀਰੀਅਡ-26)**

1. ਪੰਜਾਬ ਦੇ ਲੋਕ-ਨਾਚ: ਡਾ. ਜਗੀਰ ਸਿੰਘ ਨੂਰ (6 ਪੀਰੀਅਡ)
2. ਮੈਸਰਜ਼ ਗਰਗ ਫੋਟੋਸਟੇਟ ਹਾਊਸ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਮੈਸਰਜ਼ ਮਾਡਰਨ ਇੰਜ: ਤਕਨਾਲੋਜੀ ਲੁਧਿਆਣਾ ਨੂੰ ਇਕ ਫੋਟੋਸਟੇਟ ਮਸ਼ੀਨ ਦਾ ਆਰਡਰ ਦਿੱਤਾ ਸੀ ਮਸ਼ੀਨ ਮਿਲ਼ਣ 'ਤੇ ਪਤਾ ਲੱਗਾ ਕਿ ਮਸ਼ੀਨ ਠੀਕ ਨਹੀਂ ਹੈ, ਫੋਟੋਸਟੇਟ ਕਾਪੀ ਸਾਫ਼ ਨਹੀਂ ਕੱਢਦੀ ਇਸ ਮਸ਼ੀਨ ਨੂੰ ਠੀਕ ਕਰਵਾਉਣ ਬਾਰੇ ਪੱਤਰ ਲਿਖੋ। (2 ਪੀਰੀਅਡ)
3. ਤੁਸੀਂ ਆਪਣੇ ਕਸਬੇ ਵਿਚ ਆਟਾ ਚੱਕੀ ਲਗਾਈ ਹੋਈ ਹੈ। ਇਲਾਕਾ ਨਿਵਸੀਆਂ ਨੂੰ ਇਸ ਬਾਰੇ ਖੁੱਲ੍ਹੀ ਚਿੱਠੀ ਰਾਹੀਂ ਜਾਣਕਾਰੀ ਦਿੰਦੇ ਹੋਏ ਕਣਕ, ਦਾਲ਼ਾਂ ਤੇ ਹੋਰ ਅਨਾਜ ਆਦਿ ਪਿਸਾਉਣ, ਰੇਟ ਤੇ ਹੋਰ ਵਿਸ਼ੇਸ਼ਤਾਵਾਂ ਦੱਸਦੇ ਹੋਏ ਅਪੀਲ ਕਰੋ।(2 ਪੀਰੀਅਡ)
4. ਤੁਸੀਂ ਮੱਛੀ ਪਾਲਣ ਦਾ ਕਾਰੋਬਾਰ ਕਰਨਾ ਚਾਹੁੰਦੇ ਹੋ ਆਪਣੇ ਜ਼ਿਲ੍ਹੇ ਦੇ ਮੱਛੀ ਪਾਲਣ ਅਫ਼ਸਰ ਨੂੰ ਆਪਣੀ ਯੋਗਤਾ ਦੱਸਦੇ ਹੋਏ ਸਰਕਾਰ ਵੱਲੋਂ ਮਿਲ਼ਦੀ ਸਬਸਿਡੀ ਅਤੇ ਹੋਰ ਸਹੂਲਤਾਂ ਬਾਰੇ ਪੱਤਰ ਰਾਹੀਂ ਜਾਣਕਾਰੀ ਦੀ ਮੰਗ ਕਰੋ। (2 ਪੀਰੀਅਡ)
8. ਸੰਖੇਪ ਰਚਨਾ: ਪੈਰਾ ਨੰਬਰ 9-10,ਅਭਿਆਸ ਲਈ ਪੈਰਾ ਨੰਬਰ 9-10 (3 ਪੀਰੀਅਡ)
9. ਸ਼ਬਦਕੋਸ਼ ਵਾਚਨ ਵਿਧੀ ਸ਼ਬਦ ਕੋਸ਼ ਤਰਤੀਬ:-9-10, ਅਭਿਆਸ ਲਈ ਸ਼ਬਦ ਕੋਸ ਤਰਤੀਬ 9-10 (3 ਪੀਰੀਅਡ)
10. ਵਾਕ ਵਟਾਂਦਰਾ ਉਦਾਹਰਨ 11 ਤੋਂ 12 (1 ਪੀਰੀਅਡ)
11. ਅਖਾਉਤਾਂ- 36 ਤੋਂ 40 (1 ਪੀਰੀਅਡ)
12. ਗੀਤ: ਸ਼ਿਵ ਕੁਮਾਰ ਬਟਾਲਵੀ (2 ਪੀਰੀਅਡ)
13. ਦੋਸਤਾ: ਪਿਆਰਾ ਸਿੰਘ ਸਹਿਰਾਈ (2 ਪੀਰੀਅਡ)
14. ਘਰ ਜਾਹ ਆਪਣੇ: ਗੁਲਜਾਰ ਸਿੰਘ ਸੰਧੂ (2 ਪੀਰੀਅਡ)

**ਨਵੰਬਰ(ਕੁੱਲ ਪੀਰੀਅਡ-27)**

1. ਪੰਜਾਬ ਦੀਆਂ ਲੋਕ ਨਕਲਾਂ: ਸ੍ਰੀ ਪਿਆਰਾ ਸਿੰਘ ਖੁੰਡਾ (4 ਪੀਰੀਅਡ)
2. ਤੁਸੀਂ ਵੇਰਕਾ ਮਿਲਕ ਪਲਾਂਟ ਦੇ ਉਤਪਾਦ ਵੇਚਣ ਦਾ ਕਾਰੋਬਾਰ ਆਪਣੇ ਇਲਾਕੇ ਵਿਚ ਕਰਨਾ ਚਾਹੁੰਦੇ ਹੋ, ਇਸ ਬਾਰੇ ਵੇਰਕਾ ਦੇ ਵੱਖ-ਵੱਖ ਉਤਪਾਦਾਂ ਆਦਿ ਦੀ ਜਾਣਕਾਰੀ ਲੈਣ ਹਿੱਤ ਨੇੜਲੇ ਵੇਰਕਾ ਪਲਾਂਟ ਦੇ ਮੈਨੇਜਰ ਨੂੰ ਪੱਤਰ ਲਿਖੋ। (2 ਪੀਰੀਅਡ)

3. ਆਪਣੇ ਜ਼ਿਲ੍ਹੇ ਦੇ ਆਮਦਨ ਕਰ ਅਧਿਕਾਰੀ ਨੂੰ ਪੱਤਰ ਲਿਖੋ, ਜਿਸ ਵਿਚ ਤੁਹਾਡੇ ਵੱਲੋਂ ਵੱਧ ਜਮ੍ਹਾਂ ਕਰਵਾਇਆ ਗਿਆ ਟੈਕਸ ਵਾਪਸ ਕਰਨ ਲਈ ਬੇਨਤੀ ਕਰੋ। (2 ਪੀਰੀਅਡ)
4. ਤੁਹਾਡੀ ਹੁਸ਼ਿਆਰਪੁਰ ਵਿਖੇ ਆੜਤ ਦੀ ਦੁਕਾਨ ਹੈ, ਸਮੇਂ ਤੇ ਊਰਜਾ ਦੀ ਬੱਚਤ ਲਈ ਨੇੜਲੇ ਬੈਂਕ ਮੈਨੇਜਰ ਨੂੰ ਮੁਬਾਇਲ ਬੈਂਕਿੰਗ, ਇੰਟਰਨੈੱਟ ਬੈਂਕਿੰਗ ਅਤੇ ਐੱਸ ਐੱਮ ਐੱਸ ਅਲਰਟ ਸੇਵਾ ਸ਼ੁਰੂ ਕਰਨ ਲਈ ਪੱਤਰ ਲਿਖੋ। (2 ਪੀਰੀਅਡ)
5. ਸੰਖੇਪ ਰਚਨਾ: ਪੈਰਾ ਨੰਬਰ 11-12,ਅਭਿਆਸ ਲਈ ਪੈਰਾ ਨੰਬਰ 11-12 (3 ਪੀਰੀਅਡ)
6. ਸ਼ਬਦਕੋਸ਼ ਵਾਚਨ ਵਿਧੀ ਸ਼ਬਦ ਕੋਸ਼ ਤਰਤੀਬ:-11 ਤੋਂ13,ਅਭਿਆਸ ਲਈ ਸ਼ਬਦ ਕੋਸ਼ ਤਰਤੀਬ 11 ਤੋਂ 13 (3 ਪੀਰੀਅਡ)
7. ਵਾਕ ਵਟਾਂਦਰਾ ਪਾਠ ਅਭਿਆਸ ਪ੍ਰਸ਼ਨ 1 ( ੳ-ਸ) (4 ਪੀਰੀਅਡ)
8. ਅਖਾਉਤਾਂ- 41 ਤੋਂ 45 (1 ਪੀਰੀਅਡ)
9. ਮੇਰਾ ਬਚਪਨ: ਹਰਭਜਨ ਸਿੰਘ (2 ਪੀਰੀਅਡ)
15. ਵਾਰਸ਼ ਸ਼ਾਹ- ਅੰਮ੍ਰਿਤਾ ਪ੍ਰੀਤਮ (2 ਪੀਰੀਅਡ)
16. ਸਤੀਆ ਸੇਈ: ਦਲੀਪ ਕੌਰ ਟਿਵਾਣਾ (2 ਪੀਰੀਅਡ)

**ਦਸੰਬਰ(ਕੁੱਲ ਪੀਰੀਅਡ-23)**

1. ਪੰਜਾਬੀ ਸੱਭਿਆਚਾਰਕ ਪਰਿਵਰਤਨ: ਡਾ. ਰਜਿੰਦਰਪਾਲ ਸਿੰਘ ਬਰਾੜ (5 ਪੀਰੀਅਡ)
2. ਗੋਇਲ ਕਰਿਆਨਾ ਸਟੋਰ ਗੁਰਦਾਸਪੁਰ ਨੇ ਮੈਸਰਜ਼ ਆਰਗੈਨਿਕ ਫੂਡ ਲਿਮਿ: ਹੁਸ਼ਿਆਰਪੁਰ ਤੋਂ ਕੁਝ ਕਰਿਆਨੇ ਦਾ ਸਮਾਨ ਮੰਗਵਾਇਆ ਸੀ ਜਿਹੜਾ ਕਿ ਠੀਕ-ਠਾਕ ਪਹੁੰਚ ਗਿਆ ਹੈ। ਪੱਤਰ ਲਿਖ ਕੇ ਉਕਤ ਫਰਮ ਦਾ ਧੰਨਵਾਦ ਕਰਨ ਦੇ ਨਾਲ਼-ਨਾਲ਼ ਬਣਦਾ ਭੁਗਤਾਨ ਕਰੋ। (2 ਪੀਰੀਅਡ)
3. ਤੁਸੀਂ ਪਿੰਡ ਦੀਆਂ ਕੁਝ ਗ੍ਰਹਿਣੀਆਂ (ਸੈਲਫ ਹੈਲਪ) ਗਰੁੱਪ ਸ਼ੁਰੂ ਕਰਨ ਲਈ ਇਛੁੱਕ ਹੋ। ਇਸ ਬਾਰੇ ਜਾਣਕਾਰੀ ਲੈਣ ਲਈ ਜ਼ਿਲ੍ਹੇ ਦੇ ਡਿਪਟੀ ਰਜਿਸਟਰਾਰ ਸਰਕਾਰੀ ਸਭਾਵਾਂ ਨੂੰ ਪੱਤਰ ਲਿਖੋ। (2 ਪੀਰੀਅਡ)
4. ਤੁਸੀਂ ਇਕ ਸਧਾਰਨ ਕਿਸਾਨ ਦੇ ਪੁੱਤਰ ਹੋ..................................। (2 ਪੀਰੀਅਡ)
5. ਤੁਸੀਂ ਪੜ੍ਹੇ-ਲਿਖੇ ਨੌਜੁਆਨ ਹੋ। ਭਾਰਤ ਜੀਵਨ ਬੀਮਾ ਨਿਗਮ ਨੂੰ ਆਪਣੀ ਯੋਗਤਾ ਦੱਸਦੇ ਹੋਏ ਬੀਮਾਂ ਏਜੰਟ ਬਣਨ ਲਈ ਪੱਤਰ ਲਿਖੋ।(2 ਪੀਰੀਅਡ)
6. ਸੰਖੇਪ ਰਚਨਾ: ਪੈਰਾ ਨੰਬਰ 13 (1 ਪੀਰੀਅਡ)
7. ਸ਼ਬਦਕੋਸ਼ ਵਾਚਨ ਵਿਧੀ ਸ਼ਬਦ ਕੋਸ਼ ਤਰਤੀਬ:-14 ਤੋਂ17,ਅਭਿਆਸ ਲਈ ਸ਼ਬਦ ਕੋਸ਼ ਤਰਤੀਬ 14 ਤੋਂ 15 (2 ਪੀਰੀਅਡ)
8. ਵਾਕ ਵਟਾਂਦਰਾ ਪਾਠ ਅਭਿਆਸ ਪ੍ਰਸ਼ਾਨ 2 ( 1-19) (3 ਪੀਰੀਅਡ)
9. ਅਖਾਉਤਾਂ- 45 ਤੋਂ 50 (1 ਪੀਰੀਅਡ)
10. ਐਵੇਂ ਨਾ ਬੁੱਤਾਂ 'ਤੇ ਡੋਲੀ ਜਾ ਪਾਣੀ: ਸੁਰਜੀਤ ਪਾਤਰ (3 ਪੀਰੀਅਡ)

**ਜਨਵਰੀ:**

ਦੁਹਰਾਈ ਦਾ ਪਾਠਕ੍ਰਮ

ਅਪ੍ਰੈਲ ਤੋਂ ਸਤੰਬਰ ਤੱਕ ਕਰਵਾਇਆ ਪਾਠਕ੍ਰਮ

**ਫਰਵਰੀ:**

ਅਕਤੂਬਰ ਤੋਂ ਦਸੰਬਰ ਤੱਕ ਕਰਵਾਇਆ ਪਾਠਕ੍ਰਮ